ਦੇਸ਼ ਸੇਵਕ ਚੰਡੀਗੜ੍ਹ, ਐਤਵਾਰ 25 ਜੁਲਾਈ, 1999

ਵਿਚਾਰ-ਚਰਚਾ —— ਗੁਰਸ਼ਰਨ ਸਿੰਘ

ਅਸੀਂ ਤਾਂ ਪਹਿਲੇ ਹੀ ਮੀਂਹ ਵਿਚ ਡੁੱਬ ਗਏ

ਭਾਰਤ ਦੀ ਜਾਣੀ ਜਾਂਦੀ ਇਕ ਕੌਮ ਵਿਚ ਹੁਣ ਦੋ ਕੌਮਾਂ ਵਸਦੀਆਂ ਹਨ। ਇਕ ਗ਼ਰੀਬਾਂ ਦੀ ਕੌਮ ਹੈ ਅਤੇ ਇਕ ਅਮੀਰਾਂ ਦੀ ਕੌਮ ਹੈ। ਇਸੇ ਤਰ੍ਹਾਂ ਇਕ ਚੰਡੀਗੜ੍ਹ ਵਿਚ ਦੋ ਚੰਡੀਗੜ੍ਹ ਹਨ। ਇਕ ਸੈਕਟਰਾਂ ਦਾ ਚੰਡੀਗੜ੍ਹ, ਇਕ ਝੁੱਗੀ-ਝੌਂਪੜੀ ਵਾਲਿਆਂ ਦਾ ਚੰਡੀਗੜ੍ਹ ਹੈ। ਦੇਸ਼ ਵਿਚ ਸਾਰਾ ਪ੍ਰਬੰਧ ਕਿਉਂਕਿ ਗ਼ਰੀਬਾਂ ਵੱਲ ਅਣਗਹਿਲੀ ਦਾ ਚਲਦਾ ਹੈ। ਇਸ ਕਰਕੇ ਜਦੋਂ ਕਦੀ ਮੁਸੀਬਤ ਜਾਂ ਕੁਦਰਤੀ ਆਫ਼ਤ ਆਉਂਦੀ ਹੈ ਤਾਂ ਉਹ ਗ਼ਰੀਬਾਂ ਨੂੰ ਹੀ ਭੁਗਤਣੀ ਪੈਂਦੀ ਹੈ। ਹੁਣ 20-21 ਜੁਲਾਈ ਦੀ ਦਰਮਿਆਨੀ ਰਾਤ ਇਸ ਮੌਸਮ ਦਾ ਪਹਿਲਾ ਵੱਡਾ ਮੀਂਹ ਪਿਆ ਹੈ। ਚੰਡੀਗੜ੍ਹ ਦੇ ਸੈਕਟਰ ਧੋਤੇ ਗਏ ਹਨ। ਸੈਕਟਰਾਂ ਦੇ ਰਹਿਣ ਵਾਲਿਆਂ ਦੀ ਟਿੱਪਣੀ ਹੈ, ਮੌਸਮ ਸੁਹਾਉਣਾ ਹੋ ਗਿਆ ਹੈ, ਗਰਮੀ ਤੋਂ ਨਿਜਾਤ ਪਾਈ ਹੈ। ਪਰ ਚੰਡੀਗੜ੍ਹ ਦੀ ਹੀ ਗਰੀਬ ਬਸਤੀ ਕਿਸ਼ਨਗੜ੍ਹ ਅਤੇ ਹੋਰ ਗ਼ਰੀਬ ਬਸਤੀਆਂ ਦੀਆਂ ਗਲੀਆਂ ਵਿਚ ਪਾਣੀ ਫਿਰ ਗਿਆ ਹੈ। ਪਾਣੀ ਘਰਾਂ ਵਿਚ ਚਲਾ ਗਿਆ ਹੈ। ਘਰ ਦਾ ਸਾਮਾਨ ਗਲੀਆਂ ਵਿਚ ਤਰਦਾ ਪਿਆ ਹੈ। ਬਸਤੀ ਦੇ ਰਹਿਣ ਵਾਲੇ, ਘਰਾਂ ਅੱਗੇ ਮਿੱਟੀ ਦੇ ਬੰਨ੍ਹ ਬਣਾ ਕੇ ਜਾਂ ਨਿਕਾਸ ਨਾਲੀਆਂ ਖੋਦ ਕੇ ਇਸ ਮੁਸੀਬਤ ਤੋਂ ਬਚਣ ਦੇ ਉਪਰਾਲੇ ਕਰ ਰਹੇ ਹਨ।

ਇਸ ਮੁਸੀਬਤ ਵਿਚ ਲੋਕ ਦੋ ਹਿੱਸਿਆਂ ਵਿਚ ਵੰਡੇ ਹੋਏ ਹਨ। ਇਕ ਇਸ ਸਾਰੀ ਬਿੱਪਤਾ ਨੂੰ ਤਕਦੀਰ ਮੰਨਕੇ ਸਵੀਕਾਰ ਕਰਦੇ ਹਨ। ਦੂਜੇ ਇਸ ਸਾਰੇ ਨਿਜ਼ਾਮ ਵਿਰੁੱਧ ਬੁੜਬੁੜ ਕਰਦੇ ਹਨ। ਹਾਲੀ ਇਹ ਬੁੜਬੁੜ ਜਥੇਬੰਦ ਰੋਸ ਲਹਿਰ ਨਹੀਂ ਬਣੀ। ਜੇ ਬਣ ਜਾਏ ਤਾਂ ਪ੍ਰਬੰਧਕੀ ਨੂੰ ਵਖਤ ਪਾ ਦੇਵੇ। ਇਸੇ ਪ੍ਰਸੰਗ ਵਿਚ ਇਹ ਗੱਲ ਕਰਨੀ ਬਣਦੀ ਹੈ ਤੇ ਇਹ ਗੱਲ ਅੱਗੋਂ ਝੁੱਗੀ-ਝੌਂਪੜੀ ਦੇ ਰਹਿਣ ਵਾਲਿਆਂ ਦੇ ਸਬੰਧ ਵਿਚ ਹੀ ਕਰਨੀ ਬਣਦੀ ਹੈ।

ਚੰਡੀਗੜ੍ਹ ਨੂੰ ਹੋਂਦ ਵਿਚ ਆਇਆਂ ਹੁਣ 50 ਸਾਲ ਹੋ ਗਏ ਹਨ। ਦੇਸ਼ ਦਾ ਇਹ ਪਹਿਲਾ ਸ਼ਹਿਰ ਹੈ ਜੋ ਇਹ ਦਾਅਵਾ ਕਰ ਸਕਦਾ ਹੈ ਕਿ ਇਹ ਬਕਾਇਦਾ ਵਿਉਂਤ ਨਾਲ ਹੋਂਦ ਵਿਚ ਆਇਆ ਹੈ। ਦੁਨੀਆ ਦੇ ਚੋਟੀ ਦੇ ਇਮਾਰਤਸਾਜ਼ ਇਸਦੀ ਵਿਉਂਤਬੰਦੀ ਵਿਚ ਸ਼ਾਮਲ ਸਨ। ਇਹ ਹੈਰਾਨੀ ਵਾਲੀ ਗੱਲ ਹੈ ਕਿ ਉਸ ਵੇਲੇ ਜਦੋਂ ਪੰਡਿਤ ਨਹਿਰੂ ਵਰਗੇ ਦੇਸ਼ ਦੇ ਪ੍ਰਧਾਨ ਮੰਤਰੀ ਸਨ, ਇਹ ਵਿਉਂਤਬੰਦੀ ਵੇਲੇ ਗ਼ਰੀਬ ਕਿਉਂ ਵਿਸਾਰੇ ਗਏ? ਵਿਸਾਰੇ ਇਸ ਲਈ ਗਏ, ਕਿਉਂਕਿ ਅੰਗਰੇਜ਼ ਤੋਂ ਵਿਰਸੇ ਵਿਚ ਲਈ ਜਿਹੜੀ ਪ੍ਰਬੰਧਕੀ ਸੀ, ਉਹ ਬੁਨਿਆਦੀ ਤੌਰ 'ਤੇ ਗ਼ਰੀਬ ਦੁਸ਼ਮਣ ਸੀ। ਇਹ ਕਹਿ ਦੇਣਾ ਕਾਫ਼ੀ ਨਹੀਂ ਕਿ ਉਹ ਲੋਕ ਦੁਸ਼ਮਣ ਸੀ ਕਿਉਂਕਿ ਅਮੀਰ ਲੋਕਾਂ ਲਈ ਉਹ ਸੋਚ ਸਕਦੀ ਸੀ ਤੇ ਉਹ ਸੋਚਦੀ ਵੀ ਸੀ। ਗ਼ਰੀਬ ਲਈ ਨਹੀਂ ਸੋਚਦੀ ਸੀ। ਲੋਕਾਂ ਦੀ ਗੱਲ ਕਰਨ ਵੇਲੇ ਇਹ ਲਕੀਰ ਖਿੱਚਣੀ ਬਹੁਤ ਜ਼ਰੂਰੀ ਹੈ। 50 ਸਾਲਾਂ ਬਾਅਦ ਹੁਣ ਇਹ ਗੱਲ ਬਿਲਕੁਲ ਸਪੱਸ਼ਟ ਹੋ ਗਈ ਹੈ।

ਸੈਕਟਰੀਏਟ ਬਿਲਡਿੰਗ ਬਣੀ, ਹਾਈਕੋਰਟ ਬਿਲਡਿੰਗ ਬਣੀ, ਰੋਜ਼ ਗਾਰਡਨ ਹੋਂਦ ਵਿਚ ਆਇਆ, ਰੌਕ ਗਾਰਡਨ ਬਣਿਆ, ਯੂਨੀਵਰਸਿਟੀ ਕੰਪਲੈਕਸ ਬਣਿਆ, ਪੀ.ਜੀ.ਆਈ. ਬਣਿਆ, ਸੈਕਟਰ 17 ਅਤੇ ਹੋਰ ਸੈਕਟਰਾਂ ਦੀਆਂ ਮਾਰਕੀਟਾਂ ਬਣੀਆਂ। ਜੇ ਨਹੀਂ ਬਣੇ ਤਾਂ ਗ਼ਰੀਬਾਂ ਲਈ ਘਰ ਨਹੀਂ ਬਣੇ। ਨਜ਼ਰਅੰਦਾਜ਼ ਕੀਤੇ ਗਏ ਤੇ ਚੰਡੀਗੜ੍ਹ ਦੇ ਨਾਲ ਲਗਦੇ ਪਿੰਡ ਨਜ਼ਰਅੰਦਾਜ਼ ਕੀਤੇ ਗਏ। ਉਹ ਲੋਕ ਜੋ ਦੇਸ਼ ਵਿਚ ਸਮਾਜਿਕ ਨਿਆਂ ਦੀ ਗੱਲ ਕਰਦੇ ਹਨ, ਉਹਨਾਂ ਲਈ ਇਹ ਗੱਲਾਂ ਨੋਟ ਕਰਨੀਆਂ ਜ਼ਰੂਰੀ ਹਨ। ਕੌਮੀ ਲੀਡਰਾਂ ਨੇ ਗ਼ਰੀਬ ਲੋਕਾਂ ਨਾਲ ਇਹ ਵੱਡੀ ਗ਼ਦਾਰੀ ਕੀਤੀ ਕਿ ਅੰਗਰੇਜ਼ ਦੀ ਛੱਡੀ ਹੋਈ ਪ੍ਰਬੰਧਕੀ ਨੂੰ ਉਸੇ ਤਰ੍ਹਾਂ ਜਿਉਂ ਦਾ ਤਿਉਂ ਕਾਇਮ ਰੱਖਿਆ। ਇਸ ਪ੍ਰਬੰਧਕੀ ਨੇ 50 ਸਾਲਾਂ ਵਿਚ ਗ਼ਰੀਬ ਲਈ ਸੌਂਹ ਖਾ ਕੇ ਕਦੀ ਨਹੀਂ ਸੋਚਿਆ। ਇਹ ਸਾਬਤ ਹੋ ਚੁੱਕਿਆ ਹੈ। ਪਟਵਾਰੀ ਤੋਂ ਲੈ ਕੇ ਡਿਪਟੀ ਕਮਿਸ਼ਨਰ ਤੱਕ ਪੌੜੀਆਂ ਵਿਚ ਵੰਡੀ ਹੋਈ ਪ੍ਰਬੰਧਕੀ ਨੇ ਗਰੀਬ ਲੋਕਾਂ ਦੀਆਂ ਮੁਸ਼ਕਲਾਂ ਬਾਰੇ ਕਦੀ ਸੋਚਿਆ ਹੀ ਨਹੀਂ, ਸਿਰਫ਼ ਖਾਨਾਪੂਰੀ ਹੀ ਕੀਤੀ ਹੈ। ਮਨਿਸਟਰ ਜੇ ਕੁਝ ਚਾਹੁਣ ਵੀ ਤਾਂ ਇਹ ਕਦੋਂ ਕੋਈ ਰਾਹਤ ਲੋਕਾਂ (ਗ਼ਰੀਬ ਲੋਕਾਂ) ਤੱਕ ਪਹੁੰਚਣ ਦੇਂਦੇ ਹਨ?

ਕਿਸ਼ਨਗੜ੍ਹ ਜਿਹੜਾ ਪਹਿਲੇ ਮੀਂਹ ਵਿਚ ਹੀ ਡੁੱਬ ਗਿਆ ਹੈ, ਉਹਦੇ ਇਕ ਪੰਚ ਨੇ ਅਖ਼ਬਾਰਾਂ ਵਾਲਿਆਂ ਨੂੰ ਦੱਸਿਆ ਹੈ ਕਿ ਹਰਮੋਹਨ ਧਵਨ, ਪਵਨ ਕੁਮਾਰ ਬਾਂਸਲ, ਵਿਨੋਦ ਕੁਮਾਰ ਸ਼ਰਮਾ, ਸੱਤਪਾਲ ਜੈਨ ਲੀਡਰਾਂ ਨੂੰ ਉਹ ਪਿਛਲੇ 8-10 ਸਾਲਾਂ ਤੋਂ ਸਾਰੇ ਹਾਲਾਤ ਬਾਰੇ ਜਾਣਕਾਰੀ ਦੇਂਦੇ ਰਹੇ ਹਨ। ਪਰ ਹੋਇਆ ਕੁਝ ਨਹੀਂ। ਇਹ ਹੋਣਾ ਵੀ ਨਹੀਂ ਸੀ। ਜਾਣਕਾਰੀ ਪੁੱਜਦੀ ਹੈ ਫਿਰ ਭੁਲਾ ਦਿੱਤੀ ਜਾਂਦੀ ਹੈ। ਬਾਰਸ਼ਾਂ ਤੋਂ ਕਿਸ਼ਨਗੜ੍ਹ ਦਾ ਪੰਚ ਵੀ ਭੁੱਲ ਜਾਏਗਾ ਤੇ ਫੇਰ ਇਹਨਾਂ ਮਹਾਂਰਥੀਆਂ ਵਿਚੋਂ ਇਕ ਮਹਾਂਰਥੀ ਨੂੰ ਵੋਟ ਪਾ ਦੇਵੇਗਾ। ਫੇਰ ਕੀਤਾ ਕੀ ਜਾਵੇ? ਇਹ ਕਰਨਾ ਬਣਦਾ ਵੀ ਹੈ।

ਇਸ ਦੇਸ਼ ਵਿਚ ਲਗਾਤਾਰਤਾ ਨਾਲ ਕੰਮ ਕਰਕੇ ਲੋਕ ਚੇਤਨਾ ਉਭਾਰਨ ਦੀ ਲੋੜ ਹੈ। ਚੇਤਨਾ ਇਸ ਗੱਲ ਦੀ ਹੋਵੇ ਕਿ ਗ਼ਰੀਬਾਂ ਨੇ ਕਿਹੜੇ ਮੁੱਦੇ 'ਤੇ ਧਿਆਨ ਦੇਣਾ ਹੈ? ਹਾਕਮ ਭਾਵੇਂ ਪਾਕਿਸਤਾਨ ਦੇ ਹੋਣ, ਉਹਨਾਂ ਨੇ ਵੀ ਪ੍ਰਬੰਧਕੀ ਅੰਗਰੇਜ਼ਾਂ ਤੋਂ ਵਿਰਸੇ ਵਿਚ ਲਈ ਹੈ ਅਤੇ ਗ਼ਰੀਬ ਲੋਕਾਂ ਨੇ ਗੁਰਬਤ ਵੀ ਹਿੰਦੁਸਤਾਨ ਦੇ ਗ਼ਰੀਬਾਂ ਵਾਂਗ ਹੀ ਵਿਰਸੇ ਵਿਚ ਲਈ ਹੈ, ਜੋ ਹਾਕਮ ਹਿੰਦੁਸਤਾਨ ਦੇ ਹੋਣ ਕਾਰਗਿਲ ਵਰਗੇ ਮਸਲੇ ਅੱਗੇ ਲਿਆਉਂਦੇ ਹੀ ਰਹਿਣਗੇ। ਬਰਫ਼ ਲੱਦੀਆਂ ਪਹਾੜੀਆਂ ਦੀ ਰੱਖਿਆ ਲਈ ਅਰਬਾਂ-ਖਰਬਾਂ ਖਰਚ ਹੋਣਗੇ, ਪਰ ਮਸਲੇ ਦਾ ਸਦੀਵੀ ਹੱਲ ਨਹੀਂ ਲੱਭਣਗੇ। ਬੋਫ਼ਰ ਤੋਪ ਤੋਂ ਚਲੇ ਇਕ ਗੋਲੇ ਦੀ ਜੋ ਲਾਗਤ ਹੈ, ਉਹਦੇ ਨਾਲ ਕਿਸ਼ਨਗੜ੍ਹ ਦੇ ਪਾਣੀ ਦੇ ਨਿਕਾਸ ਲਈ ਨਿਕਾਸ ਨਾਲਾ ਨਿਕਲ ਸਕਦਾ ਹੈ। ਝੁੱਗੀ-ਝੌਂਪੜੀ ਵਿਚ ਰਹਿਣ ਵਾਲਿਆਂ ਨੂੰ ਰੌਸ਼ਨੀ ਦੀ ਕਿਰਨ ਮੁਹੱਈਆ ਹੋ ਸਕਦੀ ਹੈ। ਲੋੜ ਚੇਤਨਾ ਦੀ ਮੁਹਿੰਮ ਵਿਚ ਮੁੱਦਿਆਂ ਦੀ ਪਹਿਚਾਣ ਦੀ ਹੈ। ਚਿੰਤਕਾਂ ਦਾ ਫ਼ਰਜ਼ ਹੈ ਕਿ ਦੇਸ਼ ਦੇ ਅਸਲੀ ਮੁੱਦਿਆਂ ਨੂੰ ਸੰਬੋਧਿਤ ਹੋਣ। ਵੱਡਾ ਮੁੱਦਾ ਹੈ ਕਿ ਦੇਸ਼ ਦੇ ਕਰੋੜਾਂ ਲੋਕਾਂ ਨੂੰ ਜੀਣ ਵਾਲੀ ਜ਼ਿੰਦਗੀ ਮੁਹੱਈਆ ਕੀਤੀ ਜਾਏ। ਇਸ ਗੱਲ ਦਾ ਗਰੀਬ ਲੋਕਾਂ ਨੂੰ ਅਹਿਸਾਸ ਦਿਵਾਇਆ ਜਾਏ ਕਿ ਇਹ ਕਹਿੰਦੀ ਕਹਿਲਾਉਂਦੀ ਕੌਮ ਇਕ ਨਹੀਂ। ਇਕ ਕੌਮ ਵਿਚ ਦੋ ਕੌਮਾਂ ਹਨ। ਇਕ ਅਮੀਰਾਂ ਦੀ ਕੌਮ ਹੈ, ਦੂਜੀ ਗ਼ਰੀਬਾਂ ਦੀ ਕੌਮ ਹੈ। ਇਹਨਾਂ ਦਾ ਹਿੱਤ ਇਕ ਨਹੀਂ। ਇਹਨਾਂ ਦੀਆਂ ਮੁਸੀਬਤਾਂ ਇਕ ਨਹੀਂ। ਇਸੇ ਤਰ੍ਹਾਂ ਚੰਡੀਗੜ੍ਹ ਇਕ ਚੰਡੀਗੜ੍ਹ ਨਹੀਂ। ਇਕ ਸੈਕਟਰਾਂ ਦਾ ਚੰਡੀਗੜ੍ਹ ਹੈ। ਇਕ ਝੁੱਗੀ-ਝੌਂਪੜੀ ਵਾਲਿਆਂ ਦਾ ਚੰਡੀਗੜ੍ਹ ਹੈ। ਅੱਖਾਂ ਬੰਦ ਕਰਕੇ ਕਿੰਨੀ ਦੇਰ ਜੀਂਦੇ ਜਾਵਾਂਗੇ? ਲੋਕ ਸੰਘਰਸ਼ ਲਈ ਕਤਾਰਬੰਦੀ ਅੱਜ ਸਮੇਂ ਦੀ ਲੋੜ ਹੈ।